International Journal of Applied Research 2015; 1(9): 592-594




**ISSN Print:** 2394-7500
**ISSN Online:** 2394-5869
**Impact Factor:** 5.2
IJAR 2015; 1(9): 592-594
www.allresearchjournal.com
Received: 30-06-2015
Accepted: 30-07-2015

**Harwant Singh Bains**
Aklia College, Bathinda, Punjab, India

**Correspondence**
**Harwant Singh Bains**
Aklia College, Bathinda, Punjab, India

# ਲੋਕ ਜੀਵਨ ਅਤੇ ਹੀਰ ਕਾਵਿ

**Harwant Singh Bains**

ਸਾਹਿਤ ਅਤੇ ਸਮਾਜ ਦਾ ਆਪਸ ਵਿੱਚ ਬਹੁਤ ਗੂੜ੍ਹਾ ਸਬੰਧ ਹੈ। ਇਸ ਕਰਕੇ ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਕਿਹਾ ਗਿਆ ਹੈ। ਸਾਹਿਤਕਾਰ ਆਪਣੀ ਕਿਰਤ ਅਨੁਭਵ ਸਮਾਜ ਵਿੱਚੋਂ ਹੀ ਅਨੁਭਵ ਕਰਦਾ ਹੈ ਇਸਦਾ ਅਨਭਵ ਰੂਪਾਂਤ੍ਰਿਤ ਪਾਠਕਾਂ ਸਾਹਮਣੇ ਪੇਸ਼ ਕਰਦਾ ਹੈ। ਇਸ ਸਾਰੇ ਸਾਹਿਤ ਨੂੰ ਸੱਤਵੀਂ ਅੱਠਵੀਂ ਸਦੀ ਤੋਂ ਲੈ ਕੇ ਸਾਹਿਤਕਾਰਾਂ ਨੇ ਆਪਣੀ ਕਿਰਤ ਵਿੱਚ ਜੋ ਸਿਰਜਿਆ ਹੈ ਉਸਦੀ ਝਲਕ ਸ਼ੀਸ਼ੇ ਵਾਂਗ ਮਿਲਦੀ ਹੈ। ਇਸ ਤਰ੍ਹਾਂ ਸਾਹਿਤ ਦੀਆਂ ਮੂਲ ਪ੍ਰਵਿਰਤੀਆਂ ਹੀ ਅਸਲ ਵਿੱਚ ਸਮਾਜ ਦੀਆਂ ਮੂਲ ਪ੍ਰਵਿਰਤੀਆਂ ਹੁੰਦੀਆਂ ਹਨ। ਪੰਜਾਬੀ ਸਾਹਿਤ ਵਿੱਚ ਸੂਫੀ ਕਾਵਿ ਧਾਰਾ, ਗੁਰਮੀਤ ਕਾਵਿ ਧਾਰਾ, ਕਿੱਸਾ ਕਾਵਿ ਧਾਰਾ ਅਤੇ ਵੀਰ ਧਾਰਾ ਆਦਿ ਪ੍ਰਵਿਰਤੀਆਂ ਮਿਲਦੀਆਂ ਹਨ। ਇਸ ਤਰ੍ਹਾਂ ਕਿੱਸਾ ਕਾਵਿ ਧਾਰਾ ਇੱਕ ਪ੍ਰਮੁੱਖ ਕਾਵਿ ਧਾਰਾ ਹੈ। ਇਹ ਪੰਜਾਬ ਦੇ ਮੱਧਕਾਲੀ ਸਮਾਜ ਤੇ ਸਭਿਆਚਾਰਿਕ ਇਤਿਹਾਸ ਦਾ ਇਕ ਪ੍ਰਮਾਣਿਕ ਸੋਮਾ ਹੈ। ਇਹਨਾਂ ਕਿੱਸਿਆਂ ਵਿਚ ਪੰਜਾਬ ਦੇ ਪਿੰਡਾਂ ਦੀ ਹੂਬਹੂ ਤਸਵੀਰ ਮਿਲਦੀ ਹੈ ਕਿਉਂਕਿ ਸ਼ੁਰੂ ਤੋਂ ਹੀ ਲੋਕ ਪਿੰਡਾਂ ਵਿੱਚ ਇਹਨਾਂ ਕਿੱਸਿਆਂ ਨੂੰ ਗਾਉਣ ਅਤੇ ਸੁਣਨ ਦਾ ਸ਼ੌਕ ਰੱਖਦੇ ਸਨ। ਇਸ ਤਰ੍ਹਾਂ ਅਸੀਂ ਵੀਹਵੀਂ ਸਦੀ ਤੋਂ ਪਹਿਲਾਂ ਵੀ ਪੰਜਾਬ ਸਭਿਅਤਾ ਨੂੰ ਪੇਂਡੂ ਸਭਿਅਤਾ ਕਿਹਾ ਜਾ ਸਕਦਾ ਹੈ। ਇਹਨਾਂ ਕਿੱਸਿਆਂ ਵਿੱਚ ਮੱਧਕਾਲ ਦੇ ਪੰਜਾਬੀ ਜੀਵਨ ਨੂੰ ਬੜੀ ਬਾਖ਼ੂਬੀ ਨਾਲ ਚਿਤਰਿਆ ਹੋਇਆ ਮਿਲਦਾ ਹੈ। ਇਹ ਕਿੱਸੇ ਸਾਹਿਤ ਦਾ ਰਸ ਤੋਂ ਜੀਵਨ ਦੀ ਸਿੱਖਿਆ ਦੋਹਾਂ ਦੀ ਪੂਰਤੀ ਕਰਦੇ ਦ੍ਰਿਸ਼ਟੀਗੋਚਰ ਹੁੰਦੇ ਹਨ। ਮੱਧਕਾਲ ਦੇ ਪੰਜਾਬੀ ਜੀਵਨ ਦੀ ਸਿੱਖਿਆ ਦੋਹਾਂ ਦੀ ਪੂਰਤੀ ਕਰਦੇ ਦ੍ਰਿਸ਼ਟੀਗੋਚਰ ਹੁੰਦੇ ਹਨ। ਮੱਧਕਾਲ ਦੇ ਸਮਾਜ ਤੇ ਸਭਿਆਚਾਰ ਨੂੰ ਪੇਸ਼ ਕਰਨ ਵਾਲਾ ਪਹਿਲਾਂ ਤੇ ਪ੍ਰਮੁੱਖ ਕਿੱਸਾਕਾਰ ਦਮੋਦਰ ਹੈ। ਸਾਰੇ ਕਿੱਸਾਕਾਰਾਂ ਨੇ ਪੰਜਾਬੀ ਜੀਵਨ ਵਿਚ ਪੇਸ਼ ਹੋਈਆਂ ਸਾਰੀਆਂ ਘਟਨਾਵਾਂ ਨੂੰ ਆਪਣੇ ਕਿੱਸਿਆਂ ਵਿਚ ਪੇਸ਼ ਕੀਤਾ ਹੈ। ਪੰਜਾਬੀ ਸਾਹਿਤ ਵਿਚ ਲਗਭਗ ਪੰਜਾਹ ਤੋ ਵੱਧ ਕਿੱਸਾਕਾਰਾਂ ਨੇ ਹੀਰ ਦੀ ਰਚਨਾ ਕੀਤੀ। ਉਹਨਾਂ ਨੇ ਪੰਜਾਬੀ ਜੀਵਨ ਨੂੰ ਬੜੀ ਬਾਰੀਕੀ ਨਾਲ ਪੇਸ਼ ਕੀਤਾ । ਦਮੋਦਰ ਨੇ ਆਪਣੀ ਹੀਰ ਘਟਨਾਵਾਂ ਦੀ ਬਿਆਨ ਕਰਦਾ ਹੋਇਆ ਨਿੱਕੀਆਂ ਨਿੱਕੀਆਂ ਗੱਲਾਂ ਦਾ ਵਿਸਥਾਰ ਇਤਨੇ ਵੇਰਵੇ ਨਾਲ ਦਿੱਤਾ ਹੈ ਕਿ ਸਮੇਂ ਦੀ ਰਹਿਣੀ-ਬਹਿਣੀ, ਜੀਵਨ ਢੰਗ, ਰਸਮ ਰਿਵਾਜ, ਵਿਆਹ ਸ਼ਾਦੀਆਂ ਨਿੱਤ ਦਾ ਜੀਵਨ, ਸਥਾਨਕ ਸੁੰਦਰਤਾ ਅਤੇ ਆਮ ਲੋਕਾਂ ਦਾ ਸੁਭਾਅ ਸਾਕਾਰ ਅੱਖਾਂ ਸਾਹਮਣੇ ਆ ਜਾਂਦਾ ਹੈ। ਹੀਰ ਦੇ ਜਨਮ, ਉਸਦੀ ਅੰਗਣੀ ਅਤੇ ਵਿਆਹ ਦੀਆਂ ਰਸਮਾਂ ਦੇ ਬਿਆਨ ਵਿਚ ਉਸ ਇਸ ਗੁਣ ਦਾ ਇਕ ਵਧੀਆ ਤੇ ਸਪੱਸ਼ਟ ਪ੍ਰਮਾਣ ਮਿਲਦਾ ਹੈ ਉਸ ਸਮੇਂ ਸਮਾਜ ਜਾਤਾਂ ਗੋਤਾਂ, ਪੇਸ਼ਿਆਂ ਕਿੱਤਿਆਂ, ਜ਼ਿਮੀਦਾਰਾਂ ਤੇ ਕਾਮਿਆਂ ਵਿਚ ਵੰਡਿਆ ਹੋਇਆ ਸੀ। ਉਸਦੇ ਕਿੱਸੇ ਵਿਚ ਭਾਵੇਂ ਰੁਮਾਟਕ ਅੰਸ਼ ਕਾਫੀ ਮਿਲਦੇ ਹਨ ਪਰ ਉਹ ਇਸਦੇ ਯਥਾਰਵਾਦੀ ਚਿੱਤਰ ਨੂੰ ਮੱਧਮ ਨਹੀਂ ਪਾਉਂਦੇ।

ਦਮੋਦਰ ਵਾਗ ਹੀ ਹੀਰ ਵਾਰਿਸ ਵੀ ਪੰਜਾਬੀ ਸਭਿਆਚਾਰ ਦਾ ਅਮੀਰ ਖਜ਼ਾਨਾ ਹੈ। ਵਾਰਿਸ ਦੀ ਹੀਰ ਦੇ ਪੰਜਾਬੀਆਂ ਵਿਚ ਇੰਨੀ ਹਰਮਨ ਪਿਆਰੀ ਹੋਣ ਦਾ ਇਹ ਇਕ ਵਿਸ਼ੇਸ਼ ਕਾਰਨ ਹੈ। ਹੀਰ ਵਾਰਿਸ ਵਿਚ ਆਪਣੇ ਸਮੇਂ ਦਾ ਮੰਚ ਪੇਸ਼ ਕੀਤਾ ਹੈ। ਵਾਰਿਸ ਨੇ ਉਸ ਸਮੇਂ ਦੇ ਸਭਿਆਚਾਰ ਦੀ ਤਸਵੀਰ ਕਸ਼ੀ ਹੀ ਨਹੀਂ ਕੀਤੀ ਸਗੋਂ ਕਈ ਥਾਈਂ ਉਸਦੀਆਂ ਆਲੋਚਨਾ ਹੀ ਕੀਤੀ ਹੈ। ਉਸਦੀ ਰਚਨਾ ਸਮਾਜਕਤਾ ਨਾਲ ਜੁੜੀ ਹੋਈ ਹੈ। ਉਸਨੇ ਵਿਅੰਗ ਦੀ ਕਲਾ ਜੁਗਤ ਰਾਹੀਂ ਸਮੇਂ ਦੇ ਸਮਾਜਕ ਰਾਜਨੀਤਿਕ ਢਾਂਚੇ ਨੂੰ ਪ੍ਰਬੀਨਾ ਸਹਿਤ ਪੇਸ਼ ਕੀਤਾ ਹੈ। ਵਾਰਿਸ ਸਮਾਜ ਦੀ ਬਾਹਰੀ ਸਥਿਤੀ ਦੇ ਨਾਲ ਨਾਲ ਜਮਾਤਾਂ ਵਿਚ ਵੰਡੇ ਸਮਾਜ ਦੇ ਮਨੁੱਖਾਂ ਦੇ ਆਪਸੀ ਰਿਸ਼ਤਿਆਂ ਨੂੰ ਵੀ ਪੇਸ਼ ਕਰਦਾ ਹੈ। ਵਾਰਿਸ ਨੂੰ ਹੀਰੇ ਰਾਂਝੇ ਦੀ ਕਥਾ ਭਾਵੇਂ ਵਿਰਸੇ ਵਿਚੋਂ ਪ੍ਰਾਪਤ ਹੋਈ ਹੈ। ਪਰ ਉਹ ਆਪਣੀ ਦ੍ਰਿਸ਼ਟੀ ਅਨੁਸਾਰ ਘਟਨਾਵਾਂ ਵਿੱਚ ਤਬਦੀਲੀ ਵੀ ਕਰਦਾ ਹੈ। ਉਸਨੇ ਸਮੇਂ ਦੇ ਕੱਪੜਿਆਂ, ਗਹਿਣਿਆਂ, ਭਾਂਡਿਆਂ, ਮਠਿਆਈਆਂ, ਜੰਵਾਂ, ਸੱਪਾਂ, ਔਰਤਾਂ, ਮੱਝਾਂ, ਘਾਹ ਦੀਆਂ ਕਿਸਮਾਂ ਆਦਿ ਦਾ ਲੰਮਾ ਚੌੜਾ ਵਿਸਥਾਰ ਪੇਸ਼ ਕੀਤਾ ਹੈ। ਉਸਨੇ ਪੰਜਾਬ ਦੇ ਲੋਕਾਂ ਦੀ ਤਹਿਜੀਬਬ ਦੇ ਸਾਰੇ ਪੱਖਾਂ ਨੂੰ ਆਪਣੇ ਕਿੱਸੇ ਵਿਚ ਭਲੀਭਾਂਤ ਅੰਕਿਤ ਕੀਤਾ ਹੈ ਇਸ ਨਾਲ ਇਹ ਰਚਨਾ ਪੰਜਾਬ ਦੇ ਪੇਂਡੂ ਲੋਕਾਂ ਦੀ ਰਹਿਣ ਬਹਿਣੀ ਤੇ ਸਰਵਪੱਖੀ ਜੀਵਨ ਦਾ ਸ਼ੀਸ਼ਾ ਬਣ ਗਈ ਹੈ। ਵਾਰਿਸ ਵਾਤਾਵਰਨ ਤੇ ਆਲਾ ਦੁਆਲਾ ਚਿਤਰਨ ਵਿਚ ਇੰਨਾ ਪ੍ਰਬੀਨ ਹੈ ਕਿ ਕਿੱਸਾ ਪੜ੍ਹਦੇ ਸਮੇਂ ਸਾਡੇ ਸਾਹਮਣੇ ਪੰਜਾਬ ਦਾ ਲੋਕ ਜੀਵਨ ਹੂ-ਬ-ਹੂ ਆ ਖਲੋਂਦਾ ਹੈ। ਕਿੱਸੇ ਵਿਚ ਭਰਾ ਭਰਜਾਈਆਂ ਦੇ ਕਿਰਦਾਰ, ਲਾਲਚੀ ਮਲਾਹਾਂ, ਚਾਕ ਦੀ ਸਾਫਗੋਈ ਕੁੜੀਆਂ ਦੇ ਤ੍ਰਿੰਞਣ ਦੀ ਰੌਣਕ ਤੇ ਵਿਆਹਾਂ ਦੀ ਠਾਠ ਬਾਠ ਭਰਪੂਰ ਮੂਰਤੀਮਾਨ ਹੋਏ ਹਨ। ਵਾਰਿਸ ਆਪਣੀ ਰਚਨਾ ਵਿਚ ਪੰਜਾਬ ਦੇ ਧਰਮ, ਸਭਿਅਤਾ, ਸਭਿਆਚਾਰ, ਇਤਿਹਾਸ ਤੇ ਮਿਥਿਹਾਸ ਦਾ ਵਿਦਵਾਨ ਸਾਬਤ ਹੁੰਦਾ ਹੈ। ਕਿੱਸੇ ਵਿਚ ਤਤਕਾਲੀਨ, ਸੱਚਾਈਆਂ, ਕਰਮਾਂ, ਪ੍ਰਤੀਕਰਮਾਂ, ਰਸਮਾਂ-ਰਿਵਾਜਾਂ, ਸੰਸਕਾਰਾਂ ਦਾ ਬੇਅੰਤ ਵਰਨਣ ਮਿਲਦਾ ਹੈ। ਨਿਰੋਲ ਸਮਾਜਕ ਤੇ ਰਾਜਨੀਤਿਕ ਜੀਵਨ ਦੇ ਪੱਖ ਵੀ ਵਾਰਿਸ ਦੇ ਕਿੱਸੇ ਦੀ ਕਾਫੀ ਮਹੱਤਤਾ ਹੈ। ਇਹ ਕਿੱਸਾ ਪ੍ਰਗਟ ਕਰਦਾ ਹੈ ਕਿ ਉਸ ਵੇਲੇ ਪੰਜਾਬ ਦੇ ਹਿੰਦੂ ਮੁਸਲਮਾਨ ਆਦਿ ਸਭ ਜਾਤਾਂ ਦੇ ਲੋਕ ਭਰਾ ਭਰਾ ਵਾਂਗ ਰਹਿੰਦੇ ਸਨ ਤੇ ਉਹਨਾਂ ਦੀ ਰਹਿਣੀ-ਬਹਿਣੀ, ਰਸਮੋ-ਰਿਵਾਜ ਤੇ ਸਮਾਜਕ ਜੀਵਨ ਇਕ ਸਮਾਨ ਸੀ। ਵਾਰਿਸ ਨੂੰ ਹਿੰਦੂ ਤੇ ਮੁਸਲਿਮ ਧਰਮ ਤੇ ਇਤਿਹਾਸ, ਮਿਥਿਹਾਸ, ਸਭਿਅਤਾ ਅਤੇ ਪਰੰਪਰਾਵਾ ਦੀ ਵੀ ਚੋਖੀ ਵਾਕਫੀਅਤ ਸੀ। ਉਹ ਆਪਣੀ ਰਚਨਾ

ਵਿਚ ਭਾਰਤੀ ਤੇ ਸੈਮਟਿਕ ਮੱਤਾਂ ਦੇ ਕਈ ਧਾਰਮਿਕ ਸਿਧਾਂਤਾਂ ਤੇ ਮਿਥਿਹਾਸਕ ਮਸਲਿਆਂ ਵੱਲ ਸੰਕੇਤ ਕਰਦਾ ਹੈ।[1]

**ਲੋਕ ਮਨੋਰੰਜਨ ਅਤੇ ਲੋਕ ਜੀਵਨ**

ਲੋਕ ਜੀਵਨ 'ਚ ਪ੍ਰਚਲਤ ਸਮੱਗਰੀ ਜਿਸਨੂੰ ਲੋਕ ਸਮੂਹ ਨੇ ਪ੍ਰਵਾਨ ਕਰ ਲਿਆ ਹੋਵੇ ਤੇ ਪਰੰਪਰਾਗਤ ਰੂਪ ਵਿਚ ਮਿਲਦੀ ਹੋਵੇ, ਲੋਕਯਾਨ ਦੇ ਖੇਤਰ ਵਿੱਚ ਆਉਂਦੀ ਹੈ। ਦਮਦੋਰ ਨੇ ਆਪਣੇ ਕਿੱਸੇ ਵਿਚ ਲਹਿੰਦੇ ਪੰਜਾਬ ਦੇ ਜੀਵਨ ਨੂੰ ਬੜੀ ਰੀਝ ਤੇ ਨੀਝ ਨਾਲ ਚਿਤਰਿਆ ਹੈ। ਉਸ ਸਮੇਂ ਦਾ ਪੰਜਾਬ ਜੰਗਲ ਬੇਲਿਆ ਨਾਲ ਭਰਪੂਰ ਸੀ। ਜੰਗਲਾਂ ਵਿੱਚ ਸ਼ੀਹ, ਬਰਿੰਡੇ, ਚੀਤੇ, ਅਜਗਰ, ਨਾਗ, ਗਊਆਂ, ਮੱਝਾਂ, ਭੇਡਾਂ, ਬੱਕਰੀਆਂ ਆਦਿ ਚਾਰੀਆਂ ਜਾਦੀਆਂ ਸੀ। ਹੀਰ ਵਰਗੀਆਂ ਬਹਾਦਰ ਕੁੜੀਆਂ ਵੀ ਇਹਨਾਂ ਬੇਲਿਆਂ ਵਿਚ ਸਾਰਾ ਦਿਨ ਨੱਚ ਟੱਪਕੇ ਗੁਜਾਰਦੀਆਂ ਸਨ। ਜ਼ਮੀਨ ਬਹੁਤੀ ਅਣਵਾਹੀ ਪਈ ਹੁੰਦੀ ਸੀ। ਜੱਟ ਜ਼ਿਮੀਦਾਰ ਗੁਜ਼ਾਰੇ ਜੋਗੀ ਜਮੀਨ ਵਾਹ ਲੈਂਦੇ ਸਨ। ਵੱਡੇ ਵੱਡੇ ਜੱਟ ਜ਼ਿਮੀਦਾਰ ਆਪਸ ਵਿਚ ਲੜਦੇ ਰਹਿੰਦੇ ਸਨ। ਲੜਾਈ ਤਲਵਾਰਾਂ, ਸਰਵਾਹੀਆਂ ਅਤੇ ਤੀਰ ਕਮਾਨਾਂ ਨਾਲ ਹੁੰਦੀ ਸੀ। ਚੂਚਕ ਉਸ ਸਮੇਂ ਦਾ ਵੱਡਾ ਰਾਠ ਸੀ। ਉਹ ਅਕਬਰ ਤੋਂ ਹੇਠਾਂ ਹੋਰ ਕਿਸੇ ਨੂੰ ਕੁਝ ਨਹੀਂ ਸੀ ਸਮਝਦਾ। ਨੂਰਾ ਸੰਧਨ ਵਾਹਰ ਲੈ ਕੇ ਸਿਆਲਾਂ ਤੋਂ ਹੱਲਾ ਕਰਨ ਲਈ ਆਉਂਦਾ ਹੈ ਤਾਂ ਹੀਰ ਅਤੇ ਉਸਦੀਆਂ ਸਹੇਲੀਆਂ ਉਸ ਨਾਲ ਦੋ ਹੱਥ ਕਰਦੀਆਂ ਹਨ। ਵਹੀਰਾਂ ਚੜ੍ਹਾਕੇ ਲਿਆਉਣਾ ਅਤੇ ਅੱਗੋ ਉਸਦਾ ਮੁਕਾਬਲਾ ਕਰਨਾ ਉਸ ਸਮੇਂ ਦੇ ਸਭਿਆਚਾਰ ਦੀ ਜਿਉਂਦੀ ਜਾਗਦੀ ਤਸਵੀਰ ਹੈ।[2]

ਦੋਸ਼ੀਆਂ ਨੂੰ ਦੰਡ ਦੇਣ ਲਈ ਕਚਹਿਰੀਆਂ ਲਾਈਆਂ ਜਾਂਦੀਆਂ ਸਨ। ਕਾਜ਼ੀ ਇਹਨਾਂ ਕਚਹਿਰੀਆਂ ਦੇ ਜੱਜ ਹੁੰਦੇ ਸਨ। ਅੱਜ ਦੀ ਤਰ੍ਹਾਂ ਕਾਜ਼ੀ ਵੀ ਵੱਢੀ ਲੈਂਦੇ ਸਨ।

ਛੋੜ ਹਲਾ ਹਰਾਮ ਕਰੇਇਨ ਫਿੱਟ ਤਿਨਾਂ ਦੀਆਂ ਜਾਤਾਂ
ਕੁਫਰ ਤਿੰਨਾਂ ਨੂੰ ਪੋਸੀ ਕਾਜ਼ੀ ਜੋ ਮਾਇਆ ਵੇਖ ਲੁਭਾਣੇ
ਲੈਕਰ ਵੱਢੀ ਹੱਕ ਗਵਾਇ ਕੱਢ ਕਿਤਾਬ ਵਿਖਾਈ

ਨਾਇਕ ਦ੍ਰਿਸ਼ਟੀਕੋਣ ਤੋਂ ਲੋਕਾਂ ਦੀਆਂ ਵੱਡੀਆਂ ਸ਼੍ਰੇਣੀਆਂ ਸਨ। ਇਹ ਉਹ ਹਨ ਜਿਹਨ੍ਹਾਂ ਨੂੰ ਸਾਊ, ਮਹਾਜਨ, ਸਰਦਾਰ ਅਤੇ ਚੌਧਰੀ ਸੱਦਿਆ ਜਾਂਦਾ ਹੈ। ਦੂਸਰੇ ਪਾਸੇ ਉਹ ਹਨ ਜਿਹਨਾਂ ਨੂੰ ਕੰਮੀ ਨਿਮਨ ਪੱਧਰ ਦਾ ਜੀਵਨ ਬਤੀਤ ਕਰਦੇ ਹਨ।

ਝਨਾਂ ਦੀਆਂ ਮੁਟਿਆਰਾਂ ਵੱਲ ਝਾਤੀ ਮਾਰੀਏ ਤਾਂ ਉਸ ਸਮੇਂ ਦੀ ਪੰਜਾਬੀ ਔਰਤ ਦੀ ਹੂਬਹੂ ਤਸਵੀਰ ਸਾਹਮਣੇ ਆ ਜਾਂਦੀ ਹੈ। ਕੱਦ ਛੇ ਛੇ ਫੁੱਟ ਲੰਮੇ, ਪਤਲੇ, ਬਲਵਾਨ ਸਰੀਰ, ਸੁੰਦਰ ਸੁਡੋਲ ਚਿਹਰੇ ਸਭ ਤੋਂ ਵੱਧ ਉਹਨਾਂ ਦਾ ਨਿਰਛਲ, ਸਦਾ ਤੇ ਪਿਆਰ ਭਰਿਆ ਦਿਲ। ਉਸ ਸਮੇਂ ਕੁਆਰੀਆਂ ਕੁੜੀਆਂ ਗਹਿਣੇ, ਸਹੇਲੀਆਂ ਦਾ ਜੁੱਟ ਬਣਾਕੇ ਸਰਦਾਰੀ ਠਾਠ ਨਾਲ ਰਹਿੰਦੀਆਂ ਸਨ। ਉਸ ਸਮੇਂ ਵੀ ਅੱਜ ਦੀ ਸਥਿਤੀ ਵਾਂਗ ਲੜਕੀ ਨੂੰ ਮਾਤਾ ਪਿਤਾ ਦੇ ਚੁਣੇ ਹੋਏ ਵਰ ਨੂੰ ਕਬੂਲਣਾ ਪੈਂਦਾ ਸੀ ਪਰ ਹੀਰ ਵਰਗੀਆਂ ਕਈ ਬਾਗੀ ਕੁੜੀਆਂ ਵੀ ਜਨਮ ਲੈਂਦੀਆਂ ਸਨ। ਪਰਦੇ ਦਾ ਰਿਵਾਜ ਨਹੀਂ ਸੀ। ਸਮੁੱਚੇ ਰੂਪ ਵਿਚ ਔਰਤ ਨੂੰ ਖੁੱਲ੍ਹੀ ਖੁੱਲ੍ਹ ਸੀ।

ਦਮੋਦਰ ਦੇ ਕਿੱਸੇ ਵਿੱਚ ਸਾਨੂੰ ਉਸ ਸਮੇਂ ਦੇ ਮੁੰਡੇ ਕੁੜੀਆਂ ਦੇ ਪਹਿਨ-ਪਹਿਰਾਵੇਂ ਦਾ ਵੀ ਪਤਾ ਲੱਗਦਾ ਹੈ। ਕੁੜੀਆਂ ਦੇ ਪਹਿਰਾਵੇ ਦਾ ਜ਼ਿਕਰ ਇਸ ਤਰ੍ਹਾ ਹੈ:[3]

ਜੇ ਕੋਈ ਵੇਖੇ ਹੀਰ ਤਾਈਂ, ਪੈਰ ਨਾ ਮੂਲ ਚਾਏ,
ਲੁੰਡੀ ਮੰਝ ਬੰਨੇ ਪੰਜਤਾਵੀ ਉੱਤੇ ਪੱਟ ਹੰਢਾਏ।
ਦਮੋਦਰ ਨੇ ਮੁੰਡਿਆਂ ਦੇ ਪਹਿਰਾਵੇ ਬਾਰੇ ਇਸ ਤਰ੍ਹਾਂ ਜ਼ਿਕਰ ਕੀਤਾ ਹੈ[4]
ਖੂੰਡੀ ਤੇ ਹੱਥ ਵੰਝਲੀ ਕੀਤੀ, ਚਲਣ ਤੇ ਚਿਤ ਚਾਇਆ।
ਚੀਰਾ ਲਾਲ ਤੇ ਉਤੇ ਅੰਬਰੀ ਮੁਝ ਨੀਲਾ ਖੇਸ ਬੰਨਾਇਆ।
ਹੱਥੀਂ ਕੜੇ ਤੇ ਕੰਨੀ ਲੁੜਕੇ ਮੰਝ ਨੀਲਾ ਖੇਸ ਬੰਧਾਵੇ।
ਨੱਕ ਬੁਲਾਕ ਤੇ ਕੰਨੀ ਲੁੜਕੇ ਚੁਟਿਆਂ ਚੁਣ ਚੁਣ ਲਾਇਆ।

ਖਾਸ ਮੌਕਿਆਂ ਤੇ ਖਾਸ ਤਰ੍ਹਾਂ ਦਾ ਪਹਿਰਾਵਾ ਪਹਿਨਿਆ ਜਾਂਦਾ ਸੀ। ਵਿਆਹ ਵਾਲੇ ਲਾੜੇ ਨੂੰ ਹੇਠ ਲਿਖਿਆ ਬਾਣਾ ਪਹਿਨਿਆ ਜਾਂਦਾ ਸੀ:

ਸੁਹਦੇ ਫੁੱਲਾਂ ਸਿਹਰੇ ਸਿਰ ਤੇ ਸਭ ਸਿਰਪਾਉ ਬਣਾਹਿਆ।
ਸੁਨਹਿਰੀ ਸਿਰਪਾਵੁ ਕੇਸਰੀ ਬਾਣਾ ਲਾੜੇ ਨੂੰ ਪਹਿਰਾਇਆ

ਦਮੋਦਰ ਦੇ ਸਮੇਂ ਪੰਜਾਬੀ ਦੀ ਖਰਾਕ ਦੁੱਧ, ਦਹੀ, ਮੱਖਣ ਅਤੇ ਲੱਸੀ ਸੀ। ਛਾਹ ਵੇਲੇ ਇਕ ਮੋਟੀ ਰੋਟੀ ਦੇ ਟੁਕੜੇ ਉੱਤੇ ਮੱਖਣ ਦਾ ਪੇੜਾ ਰੱਖ ਕੇ ਅਤੇ ਸੰਘਣੀ ਲੱਸੀ ਦੇ ਵੱਡੇ ਵੱਡੇ ਛੰਨੇ ਭਰਕੇ ਪੀਂਦੇ ਸਨ ਅਤੇ ਦੂਜੇ ਘੁੰਗਣੀਆਂ ਤੇ ਭੁੱਜੇ ਹੋਏ ਦਾਣੇ ਵਰਨਣ ਯੋਗ ਪਦਾਰਥ ਹਨ। ਕਣਕ ਦੀ ਰੋਟੀ ਅਮੀਰ ਹੀ ਖਾਂਦੇ ਸਨ। ਗਰੀਬ ਤੇ ਕੰਮੀ ਤੇ ਵਿਚਲੀ ਪੱਧਰ ਦੇ ਕਿਰਤੀ ਲੋਕ ਜਵਾਰ, ਬਾਜਰਾ, ਸਾਗ ਤੇ ਲੱਸੀ ਵਰਤਦੇ ਸਨ। ਖੁਦੀ ਦੇ ਮੌਕਿਆਂ ਤੇ ਅਮੀਰ ਲੋਕ ਸ਼ਰਾਬ ਦੀ ਵਰਤੋਂ ਕਰਦੇ ਅਤੇ ਨਸ਼ੇ ਦੀ ਪੂਰਤੀ ਲਈ ਤੰਬਾਕੂ ਦੀ ਵਰਤੋਂ ਵੀ ਕਰਦੇ ਸਨ ।[5]

ਲੋਕ ਮਨੋਰੰਜਨ ਜੀਵਨ ਦਾ ਅਹਿਮ ਭਾਗ ਹੈ। ਭੌਤਿਕ ਲੋੜਾਂ ਦੀ ਪੂਰਤੀ ਉਪਰੰਤ ਮਨੁੱਖ ਮਾਨਸਿਕ ਸੰਤੁਸ਼ਟੀ ਲਈ ਅਜਿਹੇ ਸਾਧਨ ਅਪਨਾਉਂਦਾ ਹੈ ਜਿਸਤੇ ਜੀਵਨ ਸੰਘਰਸ਼ ਨੂੰ ਕੁਝ ਸਮੇਂ ਲਈ ਦੂਰ ਕਰਦਾ ਅਤੇ ਉਸਨੂੰ ਸੁਖਾਵਾਂ ਬਣਾਉਣ ਦਾ ਯਤਨ ਕਰਦਾ ਹੈ। ਇਹ ਮਨੋਰੰਜਨ ਜਾਂ ਦਿਲ ਪਰਚਾਵੇ ਦੇ ਸਾਧਨ ਕਿਸੇ ਵੀ ਦੇਸ਼ ਜਾਂ ਸਮਾਜ ਦੇ ਸਭਿਆਚਾਰ ਦੀਆਂ ਨਿੱਜੀ ਵਿਸ਼ੇਸ਼ਤਾਈਆਂ ਦੇ ਚਿੰਨ੍ਹ ਹੁੰਦੇ ਹਨ। ਵਿਅਕਤੀ ਦੇ ਬੌਧਿਕ ਪੱਧਰ ਅਤੇ ਵਿਵਸਥਾ ਅਨੁਸਾਰ ਉਹਲਾਂ ਦੀ ਰੁਚੀ ਜਿਸ ਤਰ੍ਹਾਂ ਭਿੰਨ ਹੁੰਦੇ ਹਨ ਉਸੇ ਤਰ੍ਹਾਂ ਅਮੀਰ ਗਰੀਬ ਅਤੇ ਪੜ੍ਹਿਆਂ ਅਨਪੜ੍ਹਾਂ ਦੇ ਪਰਚਾਵੇ ਦੇ ਰੂਪਾਂ ਵਿਚ ਵੀ ਭਿੰਨਤਾ ਮੰਨੀ ਜਾਂਣੀ ਹੈ। ਪੰਜਾਬੀ ਸਭਿਆਚਾਰ ਵਿਚ ਕਈ ਤਰ੍ਹਾਂ ਦੀਆਂ ਲੋਕ ਖੇਡਾਂ ਤੋਂ ਬਿਨਾਂ ਗਿੱਧਾ, ਭੰਗੜਾ, ਪੀਂਡਾਂ, ਨਕਲਾਂ, ਲੁੱਡੀ, ਝੁੰਮਰ, ਕਿੱਕਲੀ ਤੇ ਰਾਸਾਂ ਆਦਿ ਵੀ ਲੋਕ ਜੀਵਨ ਵਿੱਚ ਮਨਪ੍ਰਚਾਵੇ ਦੇ ਸਾਧਨ ਮਿਲਦੇ ਹਨ। ਦਮਦੋਰ ਦੇ ਸਮੇਂ ਵੀ ਲੋਕ ਅਨੇਕਾਂ ਤਰੀਕਿਆਂ ਨਾਲ ਦਿਲ ਪ੍ਰਚਾਵਾ ਕਰਦੇ ਸਨ ਜਿਵੇਂ ਪੀਘਾਂ, ਤ੍ਰਿੰਝਣ, ਤੀਰ ਚਲਾਉਣ ਅਤੇ ਉਪਰੋਕਤ ਜਾਤੀ ਦੇ ਕਾਰ ਵਿਹਾਰ ਦਾ ਸਮਥਰਨ ਨਿਮਨ ਉਦਾਹਰਨਾਂ ਕਰਦੀਆਂ ਹਨ [6]

**ਪੀਘਾਂ ਬਾਰੇ**

1) ਪੀਂਘ ਚੜ੍ਹਾਈ ਪਾਰੋਂ ਹੀਰੇ ਪਲੰਘ ਤੇ ਸੁੱਤਾ ਨਦਰੀ ਆਯਾ
2) ਬੇੜੀ ਪੀਘਾਂ ਤੁਸਾਂ ਮੁਮਾਰਖ ਅਸਾਂ ਰਾਂਝਾ ਸਾਈਂ
3) ਦੂਜਾ ਪਹਿਰ ਘਿੰਨਦੀ ਘੁੰਗਣੀਆਂ ਪੀਘਾਂ ਪੀਘਣ ਜਾਏ।
4) ਉਠਹੁ ਪੀਘਾਂ ਉਤੇ ਵੀਵਹੁ ਇੱਥੇ ਬਹੁਤ ਨਾ ਭਾਈ
5) ਬੇੜੀ ਬੇਲਾ ਤੇ ਪਿੱਪਲ ਪੀਘਾਂ ਲੁੱਡਣ ਬਾਪ ਤੇ ਭਾਈ।[7]

**ਤ੍ਰਿੰਝਣ ਬਾਰੇ**

ਹੀਰ ਨਿਖੇੜੀ ਤ੍ਰਿੰਝਣ ਵਿੱਚੋਂ ਮਾਈਏ ਘੱਤੀ ਮਾਊਂ
ਆਖ ਦਮੋਦਰ ਸੁਣ ਵੰਝਲੀ ਨੂੰ ਕੇਤਾ ਤ੍ਰਿੰਝਣ ਆਇਆ

ਤੀਰ ਕਮਾਨ ਚਲਾਉਣ ਬਾਰੇ

ਆਖ ਦਮੋਦਰ ਬਾਂਠ ਕਮਾਣੇ ਤੀਰ ਸਿਆਲ ਚਲੈਂਦੀ।
ਆਖ ਦਮੋਦਰ ਤੀਰ ਵਾਹ ਤਲੇਰੇ ਮਝਣ ਕੋਲੂੰ ਆਈਆਂ
ਹੁਕਮੀਂ ਤੀ ਚਲਾਇਨ ਅੱਖੀ ਬਿਨ ਖੰਭਾਂ ਬਾਝੋਂ ਸਰੀਆਂ
ਦੇ ਤੀਰ ਵਾਹ ਗਿਆਹ ਸਭ ਲਸ਼ਕਰ ਆਤਣ ਪਿੱਛੋ ਧਾਈ।[8]

ਭੰਡ ਭਗਤੀਏ ਅਤੇ ਕੰਜਰੀਆਂ ਬਾਰੇ [9]
ਭੰਡ ਨਕਲੀਏ ਔਰ ਕੰਜਰੀਆਂ ਆਣ ਸੁ ਰਾਗ ਉਠਾਏ
ਵੱਜਣ ਢੋਲ ਅਤੇ ਸਰਨਾਈ ਜੁਰਰੇ ਬਾਜ਼ ਉਡਾਏ
ਗੀਤ ਨਾਰ ਭੰਡ ਭਗਤੀਏ ਕਰਦੇ ਬਹੁਤ ਸਾਂਗ ਜਗ ਮਾਹੀ
ਪਵੇ ਲਾਰ ਧੁਸ ਬੀਵੇ ਸਭ ਲੋਕ ਵਗਨ ਭੇਰੀ ਤੇ ਸਰਨਾਈ

ਮੁਕਬਲ ਦੇ ਕਿੱਸੇ ਵਿਚ ਮਨੋਰੰਜਨ ਦੇ ਪੱਖੋ ਅਧਿਐਨ ਕਰਨ ਉਪਰੰਤ ਪਤਾ ਲਗਦਾ ਹੈ ਕਿ ਆਮ ਲੋਕਾਂ ਦੇ ਜੀਵਨ ਵਿਚ ਮਨੋਰੰਜਨ ਦੇ ਸਾਧਨ ਬਹੁਤ ਘੱਟ ਸਨ ਪਰ ਫਿਰ ਵੀ ਉਹਨਾਂ ਦੇ ਛੋਟੇ ਪੱਧਰ ਤੇ ਮਿਲ ਬੈਠ ਕੇ ਜੀ ਪਰਚਾਵੇ ਦੇ ਸਾਧਨ ਆਪਣੇ ਲਈ ਬਣਾ ਲਏ ਸਨ। ਜਿਸ ਵਿੱਚ ਕੁੜੀਆਂ ਦਾ ਤ੍ਰਿੰਝਣ, ਗਿੱਧਾ, ਵਿਆਹ ਸਮੇਂ ਗਾਉਣਾ, ਨੱਚਣਾ, ਸਿੱਠਣੀਆਂ ਦੇਣਾ, ਪੀਘਾਂ ਝੂਟਣੀਆਂ ਆਦਿ ਸਨ। ਆਪਣੇ ਘਰਾਂ ਵਿਚ ਦਿਨ ਭਰ ਦੇ ਝਮੇਲਿਆਂ ਤੋਂ ਵਿਹਲੀਆਂ ਹੋ ਕੇ ਕਵਾਰੀਆਂ ਤੇ ਵਿਆਹੀਆਂ ਕੁੜੀਆਂ ਬਿਨਾ ਸੰਗ ਅਤੇ ਝਿਜਕ ਤੋਂ ਬਾਹਰ ਜਾ ਕੇ ਇੱਕਠੀਆਂ ਹੋ ਕੇ ਮਨਭਾਉਂਦੇ ਗੀਤ ਗਾਉਂਦੀਆਂ, ਨੱਚਦੀਆਂ, ਟੱਪਦੀਆਂ ਅਤੇ ਖੁਸ਼ੀ ਖੁਸ਼ੀ ਦਿਲ ਹੌਲਾ ਕਰਕੇ ਘਰਾਂ ਨੂੰ ਵਾਪਸ ਆ ਜਾਂਦੀਆਂ ਸਨ। ਅਜਿਹਾ ਵਰਨਣ ਮੁਕਬਲ ਨੇ ਆਪਣੇ ਕਿੱਸੇ ਵਿਚ ਕੀਤਾ ਹੈ।[10]

ਬਾਹਰ ਜਾਇ ਇੱਕਠੀਆਂ ਹੋਇ ਖੜੀਆਂ, ਘੁੰਗਟ ਖੋਲ ਕੇ ਲੱਗੀਆਂ ਗਾਵਣੇ ਜੀ।
ਭਵੂ ਨਾਂਹ ਹੈ ਸਹੁਰੇ ਪੇਕਿਆਂ ਦੀ ਹਿੱਕਾਂ ਲੱਗੀਆਂ ਖੋਲ ਦਿਖਾਵਣੇ ਜੀ
ਮਨਭਾਉਂਦੇ ਗਾਉਂਦੀਆਂ ਗੀਤ ਸਹੀਆਂ
ਹੱਸ ਖੇਡ ਦੇ ਮੁਕਾਬਲਾ ਸਭ ਸਹੀਆਂ ਜੂਹੇ ਲੱਗੀਆਂ ਘਰਾਂ ਨੂੰ ਜਾਵਣੇ ਜੀ।

ਮੁਕਬਲ ਕੁੜੀਆਂ ਦੇ ਗੀਤ ਗਾਉਣ, ਵਿਆਹ ਸਮੇਂ ਢੋਲ ਵਜਾਉਣ, ਸੋਹਲੇ ਗਾਉਣ, ਢਾਡੀਆਂ ਦੁਆਰਾ ਵਾਰਾਂ ਗਾਉਣ ਬਾਰੇ ਦੱਸਦਾ ਹੈ।[11]

ਹੱਥ ਹੀਰ ਦੇ ਜਾਇ ਕੇ ਪਾਉ ਛੱਲਾ ਰੰਗਾ ਰੰਗ ਦੇ ਗਾਵਣੇ ਗਾਉ ਖਾਂ ਜੇ
ਦਿਉ ਸਿੱਠਣੀਆਂ ਢੋਲ ਵਜਾਇ ਕੇ ਨੀ
ਢਾਡੀ ਗਾਂਵਦੇ ਰਾਗ ਸੁਣਾਂਵਦੇ ਨੇ
ਲੋਕ ਅਜੂ ਨੂੰ ਦੇਣ ਮੁਬਾਰਕਾਂ ਜੀ, ਖਾਡੀ ਆਂਵਦੇ ਜੱਸ ਸੁਣਾਵਣੇ ਨੂੰ

ਵਾਰਿਸ ਨੇ ਹੀਰ ਰਾਂਝੇ ਨਾਲ ਉਸਦੇ ਭਰਾਵਾਂ ਵੱਲੋਂ ਕੀਤੇ ਵਿਤਕਰੇ ਭਰੇ ਵਰਤਾਵ ਰਾਹੀਂ ਸਮਾਜ ਵਿਚਲੇ ਤਿੜਕਦੇ ਰਿਸ਼ਤਿਆਂ ਦੀ ਪੇਸ਼ਕਾਰੀ ਕਰਦਾ ਹੈ। ਰਾਂਝੇ ਦਾ ਪਿਤਾ ਬਹੁਤ ਜ਼ਿਆਦਾ ਮੋਹ ਪਿਆਰ ਕਰਦਾ ਸੀ। ਰਾਂਝਾ ਆਪਣੇ ਸਾਰੇ ਭਰਾਵਾਂ ਨਾਲੋਂ ਛੋਟਾ ਸੀ ਇਸ ਕਰਕੇ ਰਾਂਝਾ ਪਿਉ ਦਾ ਲਾਡਲਾ ਪੁੱਤਰ ਸੀ। ਜਦੋਂ ਰਾਂਝੇ ਦੇ ਪਿਤਾ ਦੀ ਮੌਤ ਹੋ ਜਾਂਦੀ ਹੈ ਤਾਂ ਉਸਦੇ ਭਰਾ ਉਸ ਨਾਲ ਬਾਹਰੀ ਵਿਖਾਵਾ ਭਾਵੇਂ ਮੋਹ ਵਾਲਾ ਕਰਦੇ ਹਨ ਪਰ ਅੰਦਰੋਂ ਉਸ ਤੋਂ ਔਖੇ ਹਨ ਉਸ ਨਾਲ ਈਰਖਾ ਕਰਦੇ ਹਨ। ਜਦੋਂ ਜ਼ਮੀਨ ਵੰਡਦੇ ਹਨ ਤਾਂ ਉਹ ਪੰਚਾਂ ਨਾਲ ਮਿਲ ਕੇ ਮਾੜੀ ਜ਼ਮੀਨ ਰਾਂਝੇ ਨੂੰ ਦੇ ਦਿੰਦੇ ਹਨ। ਇਸ ਤਰ੍ਹਾਂ ਵਾਰਿਸ ਨੇ ਪੰਜਾਬ ਦੇ ਪੇਂਡੂ ਸਮਾਜ, ਖਾਸ ਕਰਕੇ ਕਿਸਾਨੀ ਭਾਈਚਾਰੇ ਦੀ ਰਹਿਤਲ ਨੂੰ ਪੇਸ਼ ਕਰਦਾ ਹੈ ਜਿਵੇਂ

ਹਜ਼ਰਤ ਕਾਜ਼ੀ ਤੇ ਪੈਂਚ ਸਦਾਇ ਸਾਰੇ,
ਭਾਈਆਂ ਜ਼ਿਮੀਂ ਨੂੰ ਕੱਛ ਪਵਾਈਆਂ ਈ
ਵੱਡੀ ਦੇਇ ਕੇ ਭੁੰਇ ਦੇ ਬਣੇ ਵਾਰਿਸ
ਬੰਜਰ ਜ਼ਿਮੀ ਰੰਝੇਟੇ ਨੂੰ ਆਇਆ ਈ
ਕੱਛਾਂ ਮਾਰ ਸ਼ਰੀਕ ਮਜ਼ਾਖ ਕਰਦੇ,
ਭਾਈਆਂ ਰਾਂਝੇ ਦੀ ਬਾਬ ਬਣਾਈਆ ਈ [12]

ਇਸ ਤਰ੍ਹਾਂ ਰਾਂਝੇ ਦੇ ਭਰਾ-ਭਾਈ ਦਾ ਰਿਸ਼ਤਾ ਪਾਲਣ ਦੀ ਥਾਂ ਚੰਗੀ ਭੋਇੰ ਦੇ ਲਾਲ ਵੱਸ ਆਪਣੇ ਸਕੇ ਭਰਾ ਨਾਲ ਧ੍ਰੋਹ ਕਮਾਉਂਦੇ ਹਨ। ਉਸ ਸਮੇਂ ਸਮਾਜ ਵਿਚ ਕਿਸੇ ਤਰ੍ਹਾਂ ਵੀ ਭਰਾਵਾਂ ਵਿੱਚ ਏਕਤਾ ਨਹੀਂ ਸੀ। ਉਸ ਸਮੇਂ ਦਾ ਸਮਾਜ ਖੁਦਗਰਜ਼ੀਆਂ ਦਾ ਸਮਾਜ ਸੀ।

**ਹਵਾਲੇ ਤੇ ਟਿੱਪਣੀਆਂ**


1) ਹੀਰ ਦਮੋਦਰ(ਸੰਪਃ ਗੁਰਦੇਵ ਸਿੰਘ), ਬੰਦ ਨੰ: 334
2) ਹੀਰ ਦਮੋਦਰ, ਬੰਦ ਨੰ: 911, 915, 919
3) ਉਹੀ, ਬੰਦ ਨੰ: 6
4) ਉਹੀ, ਬੰਦ ਨੰ: 153,157
5) ਉਹੀ, ਬੰਦ ਨੰ: 425
6) ਉਹੀ, ਬੰਦ ਨੰ: 203, 285, 41
7) ਉਹੀ, ਬੰਦ ਨੰ: 145,147
8) ਉਹੀ, ਬੰਦ ਨੰ: 205, 102, 99, 42
9) ਉਹੀ, ਬੰਦ ਨੰ: 394, 33
10) ਹੀਰ ਮੁਕਬਲ, ਬੰਦ ਨੰ: 347
11) ਉਹੀ, ਬੰਦ ਨੰ: 194,195
12) ਹੀਰ ਵਾਰਿਸ, ਬੰਦ ਨੰ: 88,70,126,289,173,315,196,121,525